3

# ‘‘ਸਵਾਲ ਹੈ ਕਿ ਮੈਂ ਕੀ ਕਰਾਂ?’’

ਜਦ ਪਤਰਸ ਰਸੂਲ ਨੇ ਯਿਸੂ ਬਾਰੇ ਸੁਣਾਇਆ, ਤਾਂ ਉਸ ਨੂੰ ਸੁਣਨ ਵਾਲੇ ਪੁਕਾਰ ਉੱਠੇ ਸਨ, ‘‘ਹੇ ਭਾਈਓ ਅਸੀਂ ਕੀ ਕਰੀਏ?’’ (ਰਸੂਲਾਂ ਦੇ ਕੰਮ 2:37)। ਜਦ ਮਸੀਹ ਨੇ ਸੌਲੁਸ ਨੂੰ ਦਰਸ਼ਨ ਦਿੱਤਾ ਤਾਂ ਸੌਲੁਸ ਨੇ ਪੁੱਛਿਆ ਸੀ, ‘‘ਹੇ ਪ੍ਰਭੂ ਮੈਂ ਕੀ ਕਰਾਂ?’’ (ਰਸੂਲਾਂ ਦੇ ਕੰਮ 22:10)। ਫ਼ਿਲਿੱਪੀ ਦਰੋਗੇ ਨੇ ਬੜੀ ਮੁਸ਼ਕਲ ਨਾਲ ਮੌਤ ਦੇ ਮੂੰਹ ’ਚੋਂ ਬਚਣ ਤੋਂ ਬਾਅਦ ਪੌਲੁਸ ਅਤੇ ਸੀਲਾਸ ਨੂੰ ਕਿਹਾ ਸੀ, ‘‘ਹੇ ਮਹਾਂ ਪੁਰਖੋ, ਮੈਂ ਕੀ ਕਰਾਂ?’’ (ਰਸੂਲਾਂ ਦੇ ਕੰਮ 16:30)। ਤੁਹਾਡੇ ਮਨ ਵਿਚ ‘‘ਮੈਂ ਕੀ ਕਰਾਂ?’’ ਨਾਲੋਂ ਜ਼ਿਆਦਾ ਅਹਿਮ ਸਵਾਲ ਨਹੀਂ ਆ ਸਕਦਾ।

## ਕੁਝ ਕਰਨ ਲਈ

ਸ਼ਾਇਦ ਤੁਹਾਨੂੰ ਪਹਿਲਾਂ ਇਹ ਤੈਅ ਕਰਨਾ ਜ਼ਰੂਰੀ ਹੈ ਕਿ ਬਚਾਏ ਜਾਣ ਦੀ ਇੱਛਾ ਕਰਨ ਤੋਂ ਪਹਿਲਾਂ ਤੁਹਾਡੇ ਲਈ ਕੁਝ ਕਰਨਾ ਜ਼ਰੂਰੀ ਹੈ। ਮਸੀਹ ਸਾਰੀ ਮਨੁੱਖ ਜਾਤੀ ਲਈ ਮਰਿਆ (ਤੀਤੁਸ 2:11), ਪਰ ਇਹਦਾ ਮਤਲਬ ਇਹ ਨਹੀਂ ਹੈ ਕਿ ਮੁਕਤੀ ਸਾਰਿਆਂ ਨੂੰ ਮਿਲ ਜਾਵੇਗੀ। ਯਿਸੂ ਨੇ ਉਨ੍ਹਾਂ ਦੋ ਰਾਹਾਂ ਦੀ ਗੱਲ ਕੀਤੀ ਹੈ ਜਿਨ੍ਹਾਂ ਤੇ ਲੋਕ ਚੱਲ ਸਕਦੇ ਹਨ: ਭੀੜਾ ਰਾਹ ‘‘ਜਿਹੜਾ ਜਿਉਣ ਨੂੰ ਜਾਂਦਾ ਹੈ’’ ਅਤੇ ਚੌੜਾ ਰਾਹ ‘‘ਜਿਹੜਾ ਨਾਸ ਨੂੰ ਜਾਂਦਾ ਹੈ।’’ ਉਹਨੇ ਜ਼ੋਰ ਦੇ ਕੇ ਕਿਹਾ ਕਿ ਚੌੜੇ ਰਾਹ ਜਾਣ ਵਾਲੇ ‘‘ਬਹੁਤੇ’’ ਹਨ ਅਤੇ ‘‘ਥੋੜ੍ਹੇ’’ ਹਨ ਜਿਹੜੇ ਤੰਗ ਰਾਹ ਤੇ ਜਾਂਦੇ ਹਨ (ਮੱਤੀ 7:13, 14)। ਦੂਜੇ ਸ਼ਬਦਾਂ ਵਿਚ, ਬਹੁਤਿਆਂ ਦਾ ਨਾਸ ਹੋਵੇਗਾ ਜਦਕਿ ਉਹਦੇ ਮੁਕਾਬਲੇ ਬਹੁਤ ਘੱਟ ਬਚਾਏ ਜਾਣਗੇ।

ਮੁਕਤੀ ਇਕ ਦਾਨ ਹੈ, ਪਰ ਦਾਨ ਨੂੰ ਕਬੂਲ ਵੀ ਕੀਤਾ ਜਾ ਸਕਦਾ ਹੈ ਅਤੇ ਠੁਕਰਾਇਆ ਵੀ ਜਾ ਸਕਦਾ ਹੈ। ਹਰ ਵਿਅਕਤੀ ਫ਼ੈਸਲਾ ਲੈਂਦਾ ਹੈ ਕਿ ਉਹਨੇ ਪ੍ਰਮੇਸ਼ਵਰ ਦੀ ਕਿਰਪਾ ਦੇ ਦਾਨ ਨੂੰ ਕਬੂਲ ਕਰਨਾ ਹੈ ਜਾਂ ਉਹਦਾ ਇਨਕਾਰ ਕਰਨਾ ਹੈ। ਮੱਤੀ 7 ਵਿਚ ਯਿਸੂ ਦੀ ਗੱਲ ਦਾ ਐਲਾਨ ਹੈ ਕਿ ਪ੍ਰਮੇਸ਼ਵਰ ਦੇ ਦਾਨ ਨੂੰ ਕਬੂਲ ਕਰਨ ਦੀ ਬਜਾਏ ਬਹੁਤੇ ਲੋਕ ਉਹਦਾ ਇਨਕਾਰ ਕਰ ਦਿੰਦੇ ਹਨ।

ਅਸੀਂ ਮੁਕਤੀ ਦੇ ਦਾਨ ਨੂੰ ਕਬੂਲ ਕਿਵੇਂ ਕਰ ਸਕਦੇ ਹਾਂ? ਪ੍ਰਮੇਸ਼ਵਰ ਆਪਣੇ ਵਚਨ ਵਿਚ ਦੱਸਦਾ ਹੈ ਕਿ ਅਸੀਂ ਇਸ ਨੂੰ *ਹੁਕਮ ਮੰਨਣ ਵਾਲੇ ਵਿਸ਼ਵਾਸ* ਰਾਹੀਂ ਕਬੂਲ ਕਰਦੇ ਹਾਂ। ਮਸੀਹ ਨੇ ਕਿਹਾ, ‘‘ਨਾ ਹਰੇਕ ਜਿਹੜਾ ਮੈਨੂੰ ਪ੍ਰਭੂ! ਪ੍ਰਭੂ! ਕਹਿੰਦਾ ਹੈ ਸਵਰਗ ਦੇ ਰਾਜ ਵਿਚ ਵੜੇਗਾ ਬਲਕਿ ਉਹੀ ਜਿਹੜਾ ਮੇਰੇ ਸਵਰਗੀ ਪਿਤਾ ਦੇ ਮਰਜ਼ੀ ਉੱਤੇ ਚਲਦਾ ਹੈ’’ (ਮੱਤੀ 7:21)। ਇਬਰਾਨੀਆਂ

ਦੀ ਪੱਤਰੀ ਦੇ ਲੇਖਕ ਨੇ ਯਿਸੂ ਬਾਰੇ ਲਿਖਿਆ ਹੈ ਕਿ ਉਹ ''ਉਨ੍ਹਾਂ ਸਭਨਾਂ ਦੀ ਜਿਹੜੇ ਉਹਦੇ ਆਗਿਆਕਾਰ ਹਨ ਸਦਾ ਦੀ ਗਤੀ ਦਾ ਕਾਰਣ ਹੋਇਆ'' (ਇਬਰਾਨੀਆਂ 5:9)।

ਕਈ ਲੋਕ ਇਹਦੇ ਤੇ ਵੀ ਇਤਰਾਜ਼ ਕਰਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਜੇ ਮੁਕਤੀ ਪਾਉਣ ਲਈ *ਕੁਝ ਕਰਨਾ* ਹੀ ਪਵੇ, ਤਾਂ ਫਿਰ ਮੁਕਤੀ ਕਿਰਪਾ ਰਾਹੀਂ ਨਹੀਂ ਹੋਵੇਗੀ। ਸਾਫ਼ ਤੌਰ ਤੇ ਸਾਨੂੰ ਇਹ ਸਮਝ ਲੈਣਾ ਜ਼ਰੂਰੀ ਹੈ ਕਿ ਆਗਿਆ ਮੰਨ ਕੇ ਅਸੀਂ ਆਪਣੀ ਮੁਕਤੀ *ਕਮਾਉਂਦੇ* ਨਹੀਂ ਹਾਂ। ਸਗੋਂ ਆਗਿਆ ਮੰਨਣ ਨਾਲ, ਅਸੀਂ ਪ੍ਰਭੂ ਰਾਹੀਂ ਪੇਸ਼ ਕੀਤੀ ਗਈ ਮੁਕਤੀ ਨੂੰ ਕਬੂਲ ਕਰਦੇ ਹਾਂ।

*ਕਮਾਉਣ* ਅਤੇ *ਕਬੂਲ ਕਰਨ* ਵਿਚ ਕੀ ਫ਼ਰਕ ਹੈ? ਹੇਠਾਂ ਦਿੱਤੀ ਗਈ ਉਦਾਹਰਣ ਨਾਲ ਫ਼ਰਕ ਨੂੰ ਸਮਝਾਇਆ ਜਾ ਸਕਦਾ ਹੈ:

ਕੋਈ ਆਦਮੀ ਕਿਸੇ ਦੇ ਘਰ ਦਾ ਦਰਵਾਜ਼ਾ ਖੜਕਾਉਂਦਾ ਹੈ। ਬਾਹਰ ਇਕ ਔਰਤ ਦੇ ਆਉਣ ਤੇ ਉਹ ਕਹਿੰਦਾ ਹੈ, ''ਮੈਨੂੰ ਬੜੀ ਭੁੱਖ ਲੱਗੀ ਹੈ। ਤੁਹਾਡੇ ਕੋਲ ਮੇਰੇ ਕਰਨ ਲਈ ਕੋਈ ਕੰਮ ਹੈ ਜਿਸ ਨੂੰ ਕਰ ਕੇ ਮੈਂ ਆਪਣੇ ਲਈ ਰੋਟੀ ਕਮਾ ਸਕਾਂ?'' ਔਰਤ ਜਵਾਬ ਦਿੰਦੀ ਹੈ, ''ਪਿਛਲੇ ਪਾਸੇ ਵਿਹੜੇ ਵਿਚ ਕੁਝ ਲੱਕੜਾਂ ਕੱਟਣ ਵਾਲੀਆਂ ਪਈਆਂ ਹਨ। ਜੇ ਤੂੰ ਲੱਕੜਾਂ ਕੱਟ ਦੇਵੇਂ ਤਾਂ ਤੈਨੂੰ ਖਾਣਾ ਮਿਲ ਸਕਦਾ ਹੈ।'' ਉਹ ਆਦਮੀ ਲੱਕੜਾਂ ਕੱਟਦਾ ਹੈ ਅਤੇ ਅਖ਼ੀਰ ਖਾਣਾ ਖਾਣ ਲਈ ਬੈਠ ਜਾਂਦਾ ਹੈ। ਮੈਂ ਤੁਹਾਥੋਂ ਪੁੱਛਦਾ ਹਾਂ: ਖਾਣਾ ਖਾਂਦੇ ਹੋਏ ਭਲਾ ਉਹਨੂੰ ਇਹ ਲੱਗੇਗਾ ਕਿ ਉਹਨੇ ਰੋਟੀ ਕਮਾਈ ਹੈ? ਬੇਸ਼ੱਕ ਉਹਨੂੰ ਇਹੀ ਲੱਗੇਗਾ।

ਮੈਂ ਕਹਾਣੀ ਨੂੰ ਬਦਲਦਾ ਹਾਂ: ਕੋਈ ਆਦਮੀ ਕਿਸੇ ਦੇ ਘਰ ਦਾ ਦਰਵਾਜ਼ਾ ਖੜਕਾਉਂਦਾ ਹੈ। ਦਰਵਾਜ਼ੇ ਉੱਤੇ ਇਕ ਔਰਤ ਦੇ ਆਉਣ ਤੇ ਉਹ ਕਹਿੰਦਾ ਹੈ, ''ਮੈਨੂੰ ਬੜੀ ਭੁੱਖ ਲੱਗੀ ਹੈ ਤੁਹਾਡੇ ਕੋਲ ਮੇਰੇ ਲਈ ਕੋਈ ਕੰਮ ਹੈ ਜਿਸ ਨੂੰ ਕਰ ਕੇ ਮੈਂ ਆਪਣੇ ਲਈ ਰੋਟੀ ਕਮਾ ਸਕਾਂ?'' ਔਰਤ ਜਵਾਬ ਦਿੰਦੀ ਹੈ, ''ਮੈਂ ਹੁਣੇ ਮੇਜ਼ ਤੇ ਕਾਫ਼ੀ ਖਾਣਾ ਲਗਾਇਆ ਹੈ, ਜਿੰਨਾਂ ਕੁ ਮੈਂ ਖਾ ਸਕਦੀ ਹਾਂ, ਉਸ ਨਾਲੋਂ ਕਿਤੇ ਜ਼ਿਆਦਾ। ਅੰਦਰ ਜਾਓ, ਬੈਠੋ ਅਤੇ ਜੋ ਕੁਝ ਖਾਣਾ ਹੈ ਖਾ ਲਓ।'' ਆਦਮੀ ਖ਼ੁਸ਼ੀ ਨਾਲ ਉਸ ਦਾ ਸੱਦਾ ਕਬੂਲ ਕਰ ਲੈਂਦਾ ਹੈ ਅਤੇ ਛੇਤੀ ਹੀ ਉਸ ਖਾਣੇ ਦਾ ਮਜ਼ਾ ਲੈਣ ਲਗਦਾ ਹੈ ਜਿਹੜਾ ਉਸ ਔਰਤ ਨੇ ਤਿਆਰ ਕੀਤਾ ਸੀ। ਹੁਣ, ਮੈਂ ਫੇਰ ਪੁੱਛਦਾ ਹਾਂ: ਭਲਾ ਇਸ ਆਦਮੀ ਨੇ ਰੋਟੀ ਕਮਾਈ ਸੀ? ਬਿਲਕੁਲ ਨਹੀਂ। ਇਹ ''ਕਿਰਪਾ ਦੇ ਰਾਹੀਂ'' ਇਕ ਦਾਨ ਸੀ। ਉਹਨੇ ਉਸ ਨੂੰ *ਕਬੂਲ* ਕੀਤਾ ਸੀ।

ਉਸ ਨੇ ਇਹਨੂੰ ਕਿਵੇਂ ਕਬੂਲ ਕੀਤਾ? ਉਸ ਔਰਤ ਦੇ ਸੱਦੇ ਨੂੰ ਕਬੂਲ ਕਰ ਕੇ, ਉਹਦੇ ਘਰ ਵਿਚ ਆਉਣ ਅਤੇ ਉਹਦੇ ਮੇਜ਼ ਤੇ ਬੈਠਣ ਅਤੇ ਰੋਟੀ ਖਾਣ ਨਾਲ ਜੇ ਉਹ ਇਸ ਨੂੰ ਕਬੂਲ *ਨਾ* ਕਰਦਾ ਤਾਂ? ਜੇ ਉਹਨੇ ਇਹ ਕਹਿ ਦਿੱਤਾ ਹੁੰਦਾ ''ਨਹੀਂ, ਸ਼ੁਕਰੀਆ'' ਅਤੇ ਆਪਣੇ ਰਾਹ ਚਲਿਆ ਜਾਂਦਾ ਤਾਂ? ਜੇ ਉਹ ਘਰ ਵਿਚ ਚਲਿਆ ਜਾਂਦਾ ਪਰ ਖਾਣ ਤੋਂ ਨਾਂਹ ਕਰ ਦਿੰਦਾ ਤਾਂ? ਸਾਫ਼ ਹੈ ਕਿ ਉਸ ਨੂੰ ਉਸ ਔਰਤ ਦੀ ਖੁੱਲ੍ਹਦਿਲੀ ਵਾਲੀ ਪੇਸ਼ਕਸ਼ ਦਾ ਲਾਭ ਨਾ ਮਿਲਦਾ। (ਹਾਂ ਮੈਨੂੰ ਪਤਾ ਹੈ ਕਿ ਇਸ ਤਰ੍ਹਾਂ ਦੇ ਜਵਾਬ ਬੇਵਕੂਫ਼ੀ ਭਰੇ ਲਗਦੇ ਹਨ, ਪਰ ਲੋਕ ਹਰ ਵਾਰੀ ਪ੍ਰਭੂ ਦੇ ਸੱਦੇ [ਪ੍ਰਕਾਸ਼ ਦੀ ਪੋਥੀ 3:20] ਨੂੰ ਠੁਕਰਾ ਦਿੰਦੇ ਹਨ, ਜੋ ਇਸ ਤੋਂ ਵੀ ਵੱਡੀ ਬੇਵਕੂਫ਼ੀ ਹੈ।)

ਅਸੀਂ ਆਪਣੀ ਮੁਕਤੀ ਕਮਾ ਨਹੀਂ ਸਕਦੇ, ਪਰ ਵਿਸ਼ਵਾਸ ਅਤੇ ਆਗਿਆ ਮੰਨ ਕੇ ਅਸੀਂ ਪ੍ਰਮੇਸ਼ਵਰ ਦੇ ਦਾਨ ਨੂੰ *ਗ੍ਰਹਿਣ* ਕਰ ਸਕਦੇ ਹਾਂ, ਸਾਨੂੰ ਗ੍ਰਹਿਣ ਕਰਨੀ ਵੀ ਚਾਹੀਦੀ ਹੈ। ਅਧਿਐਨ ਵਿਚ ਅੱਗੇ ਇਹ ਸਪਸ਼ਟ ਕੀਤਾ ਜਾਵੇਗਾ ਕਿ ਵਿਸ਼ਵਾਸ ਅਤੇ ਹੁਕਮ ਮੰਨਣ ਵਿਚ

ਕਿਹੜੀਆਂ ਕਿਹੜੀਆਂ ਗੱਲਾਂ ਸ਼ਾਮਲ ਹਨ।

## ਅਸੀਂ ਕੀ ਕਰੀਏ

ਆਪਣੇ ਚੇਲਿਆਂ (ਪੈਰੋਕਾਰਾਂ) ਨੂੰ ਗ੍ਰੇਟ ਕਮਿਸ਼ਨ ਅਰਥਾਤ ਸਭ ਤੋਂ ਵੱਡਾ ਹੁਕਮ ਦਿੰਦਿਆਂ ਯਿਸੂ ਨੇ ਕਿਹਾ ''ਤੁਸੀਂ ਸਾਰੇ ਜਗਤ ਵਿਚ ਜਾ ਕੇ ਸਰਬਤ ਸ੍ਰਿਸ਼ਟ ਦੇ ਸਾਹਮਣੇ ਖ਼ੁਸ਼ਖ਼ਬਰੀ ਦਾ ਪ੍ਰਚਾਰ ਕਰੋ। ਜਿਹੜਾ ਨਿਹਚਾ ਕਰੇ ਅਤੇ ਬਪਤਿਸਮਾ ਲਵੇ ਉਹ ਬਚਾਇਆ ਜਾਵੇਗਾ ...'' (ਮਰਕੁਸ 16:15, 16)। ਪੌਲੁਸ ਨੇ ਕਿਹਾ ਕਿ ''ਪ੍ਰਤੀਤ ਸੁਣਨ ਨਾਲ ਅਤੇ ਸੁਣਨਾ ਮਸੀਹ ਦੇ ਵਚਨ ਤੋਂ ਆਉਂਦਾ ਹੈ'' (ਰੋਮੀਆਂ 10:17)। ਉਹਨੇ ਇਹ ਵੀ ਕਿਹਾ ਕਿ ਇੰਜੀਲ (ਖ਼ੁਸ਼ਖ਼ਬਰੀ[1]) ''ਪ੍ਰਮੇਸ਼ਵਰ ਦੀ ਸ਼ਕਤੀ ਹੈ'' (ਰੋਮੀਆਂ 1:16)। ਮੁਕਤੀ ਜਾਂ ਨਜਾਤ ਦਾ ਕੰਮ ਯਿਸੂ ਅਤੇ ਉਹਦੇ ਰਾਹ ਨੂੰ ਸਿੱਖਣ ਨਾਲ ਸ਼ੁਰੂ ਹੁੰਦਾ ਹੈ। ਧਿਆਨ ਨਾਲ ਸੁਣਨ ਜਾਂ ਪੜ੍ਹਨ ਵਾਲਾ ਜ਼ਿੰਮੇਵਾਰ ਅਤੇ ਜਵਾਬਦੇਹ ਵਿਦਿਆਰਥੀ ਹੋਣਾ ਜ਼ਰੂਰੀ ਹੈ। ਇਸ ਪਾਠ ਦੇ ਬਾਕੀ ਹਿੱਸੇ ਵਿਚ ਅਸੀਂ ਇੰਜੀਲ ਲਈ ਤਿੰਨ ਜ਼ਰੂਰੀ ਜਵਾਬਾਂ ਤੇ ਵਿਚਾਰ ਕਰਾਂਗੇ।

### ਯਿਸੂ ਵਿਚ ਵਿਸ਼ਵਾਸ ਲਿਆਓ

ਪਹਿਲਾ ਜਵਾਬ ਹੈ: ''ਪਰਤੀਤ ਸੁਣਨ ਨਾਲ ਆਉਂਦੀ ਹੈ।'' ਯੂਹੰਨਾ 3:16 ਵਿਚ ਵਿਸ਼ਵਾਸ ਦੇ ਮਹੱਤਵ ਤੇ ਜ਼ੋਰ ਦਿੱਤਾ ਗਿਆ ਸੀ: ''ਕਿਉਂਕਿ ਪ੍ਰਮੇਸ਼ਵਰ ਨੇ ਜਗਤ ਨੂੰ ਅਜਿਹਾ ਪਿਆਰ ਕੀਤਾ ਜੋ ਉਹਨੇ ਆਪਣਾ ਇਕਲੌਤਾ ਪੁੱਤਰ ਬਖ਼ਸ਼ ਦਿੱਤਾ ਤਾਂ ਜੋ ਹਰੇਕ ਉਸ ਉੱਤੇ ਨਿਹਚਾ ਕਰੇ ਨਾਸ ਨਾ ਹੋਵੇ ਪਰ ਸਦੀਪਕ ਜੀਉਣ ਪਾਵੇ।'' ਰਸੂਲਾਂ ਦੇ ਕੰਮ 16:31, ਰੋਮੀਆਂ 5:1 ਅਤੇ ਅਫ਼ਸੀਆਂ 2:8, 9 ਉਨ੍ਹਾਂ ਬਹੁਤ ਸਾਰੀਆਂ ਆਇਤਾਂ ਵਿੱਚੋਂ ਹਨ ਜਿਨ੍ਹਾਂ ਵਿਚ ਇਹ ਸਿਖਾਇਆ ਗਿਆ ਹੈ ਕਿ ਮਸੀਹੀ ਲੋਕ ਵਿਸ਼ਵਾਸ ਨਾਲ ਬਚਾਏ ਜਾਂਦੇ ਹਨ। ਯਿਸੂ ਨੇ ਕਿਹਾ ਕਿ ''ਜੇ ਤੁਸੀਂ ਪਰਤੀਤ ਨਾ ਕਰੋ ਕਿ ਮੈਂ ਉਹੋ [ਅਰਥਾਤ ਮਸੀਹ[2]] ਹਾਂ ਤਾਂ ਆਪਣੇ ਪਾਪਾਂ ਵਿਚ ਮਰੋਗੇ'' (ਯੂਹੰਨਾ 8:24)।

ਮੁਕਤੀ ਦੁਆਉਣ ਵਾਲਾ ਵਿਸ਼ਵਾਸ ਕੀ ਹੈ? ਮੁਕਤੀ ਦੁਆਉਣ ਵਾਲੇ ਵਿਸ਼ਵਾਸ ਨੂੰ *''ਭਰੋਸਾ''* ਸ਼ਬਦ ਨਾਲ ਦਰਸਾਇਆ ਜਾ ਸਕਦਾ ਹੈ: ਮੁਕਤੀ ਪਾਉਣ ਲਈ ਸਾਨੂੰ ਆਪਣੇ ਭਲੇ ਹੋਣ ਤੇ ਭਰੋਸਾ ਰੱਖਣ ਵਰਗੀ ਗੱਲ ਨੂੰ ਛੱਡ ਕੇ ਯਿਸੂ ਮਸੀਹ ਦੀ ਕੁਰਬਾਨੀ ਵਿਚ ਭਰੋਸਾ ਰੱਖਣਾ ਸ਼ੁਰੂ ਕਰਨਾ ਪਵੇਗਾ।[3]

ਵਿਸ਼ਵਾਸ ਦੀ ਲੋੜ ਤੇ ਅਸੀਂ ਲੋੜ ਤੋਂ ਵੱਧ ਜ਼ੋਰ ਨਹੀਂ ਦੇ ਸਕਦੇ। ਵਿਸ਼ਵਾਸ ਪ੍ਰਭੂ ਨੂੰ ਹਾਂ ਵਿਚ ਜਵਾਬ ਦੇਣ ਦਾ ਅਧਾਰ ਹੈ। ਯੂਹੰਨਾ 1:11, 12 ਵਿਚ ਅਸੀਂ ਪੜ੍ਹਦੇ ਹਾਂ ਕਿ ਯਿਸੂ ''ਆਪਣੇ ਘਰ [ਯਹੂਦੀ ਲੋਕਾਂ ਕੋਲ] ਆਇਆ ਅਤੇ ਜਿਹੜੇ ਉਹਦੇ ਆਪਣੇ ਸਨ ਉਨ੍ਹਾਂ ਨੇ ਉਹਨੂੰ ਕਬੂਲ ਨਾ ਕੀਤਾ।[4] ਪਰ ਜਿੰਨਿਆਂ ਨੇ ਉਸ ਨੂੰ ਕਬੂਲ ਕੀਤਾ ਉਸ ਨੇ ਉਨ੍ਹਾਂ ਨੂੰ ਪ੍ਰਮੇਸ਼ਵਰ ਦੇ ਪੁੱਤਰ ਹੋਣ ਦਾ ਹੱਕ ਦਿੱਤਾ ਅਰਥਾਤ ਜਿਨ੍ਹਾਂ ਨੇ ਉਸਦੇ ਨਾਮ ਉੱਤੇ ਨਿਹਚਾ ਕੀਤੀ।'' ਧਿਆਨ ਦਿਓ ਕਿ ''ਕਬੂਲ'' ਅਤੇ ''ਨਿਹਚਾ'' ਦੋਵੇਂ ਸ਼ਬਦਾਂ ਨੂੰ ਅਦਲ ਬਦਲ ਕੇ ਵਰਤਿਆ ਗਿਆ ਹੈ। ਯਿਸੂ ਨੂੰ ਅਸੀਂ *ਨਿਹਚਾ* ਕੀਤੇ ਬਗੈਰ ਆਪਣੀਆਂ ਜ਼ਿੰਦਗੀਆਂ ਵਿਚ *ਕਬੂਲ* ਨਹੀਂ ਕਰ ਸਕਦੇ।

ਅਫ਼ਸੋਸ ਦੀ ਗੱਲ ਹੈ ਕਿ ਕੁਝ ਲੋਕ ਵਿਸ਼ਵਾਸ ਨੂੰ ਵੱਖਰਾ ਕਰਕੇ ਇਹ ਸਿਖਾਉਂਦੇ ਹਨ ਕਿ

ਅਸੀਂ ''ਨਿਰੇ ਵਿਸ਼ਵਾਸ ਨਾਲ'' ਬਚਾਏ ਗਏ ਹਾਂ। ਜਦਕਿ ਵਿਸ਼ਵਾਸ ਸਾਡੇ ਉਹਨੂੰ ਕਬੂਲ ਕਰਨ ਦੀ ਅਖ਼ੀਰ ਨਹੀਂ, ਸਗੋਂ ਸ਼ੁਰੂਆਤ ਹੈ। ਯੂਹੰਨਾ 1:11, 12 ਫੇਰ ਪੜ੍ਹੋ। ਕਬੂਲ/ਨਿਹਚਾ ਕਰਨ ਵਾਲਿਆਂ ਨੂੰ ''ਪ੍ਰਮੇਸ਼ਵਰ ਦੇ ਪੁੱਤਰ ਹੋਣ ਦਾ ਹੱਕ'' ਦਿੱਤਾ ਜਾਂਦਾ ਹੈ। ਮੈਨੂੰ ਅਤੇ ਜੋ [ਮੇਰੀ ਪਤਨੀ] ਨੂੰ ਵਿਆਹ ਤੋਂ ਪਹਿਲਾਂ, ਵਿਆਹ ਦਾ ਲਾਇਸੈਂਸ ਮਿਲ ਗਿਆ ਸੀ। ਉਸ ਲਾਇਸੈਂਸ ਨਾਲ ਸਾਨੂੰ ਵਿਆਹ ਕਰਨ ਦਾ ਹੱਕ ਮਿਲ ਗਿਆ ਸੀ ਪਰ ਇਹਦਾ ਮਤਲਬ ਇਹ ਨਹੀਂ ਸੀ ਕਿ ਸਾਡਾ ਵਿਆਹ ਪਹਿਲਾਂ ਹੀ ਹੋ ਚੁੱਕਿਆ ਹੈ। ਇਸੇ ਤਰ੍ਹਾਂ ਵਿਸ਼ਵਾਸ ਸਾਨੂੰ ਮੁਕਤੀ ਜਾਂ ਬਚਾਏ ਜਾਣ ਦੇ ਰਾਹ ਤੇ ਲਿਆਉਂਦਾ ਹੈ; ਪਰ ਇਹ ਸਾਡੇ ਸਫ਼ਰ ਦੀ ਮੰਜ਼ਿਲ ਨਹੀਂ ਹੈ। ਅਸੀਂ ਵਿਸ਼ਵਾਸ ਨਾਲ ਬਚਾਏ ਜਾਂਦੇ ਹਾਂ, ਪਰ *ਨਿਰੇ* ਵਿਸ਼ਵਾਸ ਨਾਲ ਨਹੀਂ।

ਬਚਾਏ ਜਾਣ ਵਾਲੇ ਵਿਸ਼ਵਾਸ ਨੂੰ ਉਸਦੇ ਇਜ਼ਹਾਰ ਨਾਲੋਂ ਵੱਖਰਾ ਨਹੀਂ ਕੀਤਾ ਜਾ ਸਕਦਾ ਹੈ। ਇਸ ਨੂੰ ਯੂਹੰਨਾ 3 ਰਾਹੀਂ ਸਮਝਾਇਆ ਜਾ ਸਕਦਾ ਹੈ। ਜਿਵੇਂ ਕਿ ਅਸੀਂ ਪਹਿਲਾਂ ਹੀ ਵੇਖਿਆ ਸੀ ਕਿ ਆਇਤ 16 ਵਿਸ਼ਵਾਸ ਦੀ ਲੋੜ ਤੇ ਜ਼ੋਰ ਦਿੰਦੀ ਹੈ। ਹੁਣ ਉਸੇ ਅਧਿਆਇ ਦੀ ਆਖ਼ਰੀ ਆਇਤ ਪੜ੍ਹੋ: ''ਜਿਹੜਾ ਪੁੱਤਰ ਉੱਤੇ ਨਿਹਚਾ ਕਰਦਾ ਹੈ ਸਦੀਪਕ ਜੀਉਣ ਉਸ ਦਾ ਹੈ ਪਰ ਜੋ ਪੁੱਤਰ ਨੂੰ ਨਹੀਂ ਮੰਨਦਾ ਸੋ ਜਿਉਣ ਨਾ ਵੇਖੇਗਾ ਸਗੋਂ ਪ੍ਰਮੇਸ਼ਵਰ ਦਾ ਕ੍ਰੋਧ ਉਸ ਉੱਤੇ ਰਹਿੰਦਾ ਹੈ'' (ਆਇਤ 36)। ਨਵੇਂ ਨੇਮ ਵਿਚ ''ਨਿਹਚਾ'' ਅਤੇ ''ਆਗਿਆ ਮੰਨਣ'' ਦੇ ਵਿਚਾਰ ਅਦਲ ਬਦਲ ਕੇ ਇਸੇ ਤਰ੍ਹਾਂ ਦਿੱਤੇ ਗਏ ਹਨ। (ਰੋਮੀਆਂ 10:16 ਵੀ ਵੇਖੋ।) ਬਚਾਉਣ ਵਾਲਾ ਵਿਸ਼ਵਾਸ ਆਗਿਆਕਾਰੀ ਵਿਸ਼ਵਾਸ ਹੈ।

ਬਾਈਬਲ ਵਿਚ ''ਨਿਰੀ ਨਿਹਚਾ'' ਦੀ ਗੱਲ ਸਿਰਫ਼ ਇੱਕੋ ਥਾਂ ਮਿਲਦੀ ਹੈ ਅਤੇ ਉਹ ਵੀ ਯਾਕੂਬ 2:24 ਵਿਚ, ਜਿੱਥੇ ਕਿਹਾ ਗਿਆ ਹੈ ਕਿ ਅਸੀਂ ''ਨਿਰੀ ਨਿਹਚਾ'' ਨਾਲ ਬਚਾਏ *ਨਹੀਂ ਜਾਂਦੇ।* ਇੱਥੇ ਇਸ ਤਰ੍ਹਾਂ ਲਿਖਿਆ ਹੋਇਆ ਹੈ, ''ਤੁਸੀਂ ਵੇਖਦੇ ਹੋ ਭਈ ਮਨੁੱਖ ਨਿਰੀ ਨਿਹਚਾ ਨਾਲ ਹੀ ਨਹੀਂ ਸਗੋਂ ਅਮਲਾਂ ਨਾਲ ਧਰਮੀ[5] ਠਹਿਰਾਇਆ ਜਾਂਦਾ ਹੈ।''

ਥੋੜ੍ਹੀ ਦੇਰ ਲਈ ਯਾਕੂਬ 2:14-26 ਪੜ੍ਹੋ ਤਾਂ ਜੋ ਤੁਸੀਂ ਯਾਕੂਬ ਦੇ ਤਰਕ ਦੇ ਆਧਾਰ ਨੂੰ ਸਮਝ ਸਕੋ। ਖ਼ਾਸ ਕਰਕੇ 14, 17, 20 ਅਤੇ 26 ਆਇਤਾਂ ਤੇ ਧਿਆਨ ਦਿਓ:

> ਹੇ ਮੇਰੇ ਭਰਾਵੋ, ਜੇ ਕੋਈ ਆਖੇ ਕਿ ਮੈਨੂੰ ਨਿਹਚਾ ਹੈ ਪਰ ਉਹ ਅਮਲ ਨਾ ਕਰਦਾ ਹੋਵੇ ਤਾਂ ਕੀ ਲਾਭ ਹੋਇਆ? ਭਲਾ ਇਹ ਨਿਹਚਾ ਉਹਨੂੰ ਬਚਾ ਸਕਦੀ ਹੈ? ... ਇਸੇ ਪ੍ਰਕਾਰ ਨਿਹਚਾ ਜੋ ਅਮਲ ਸਹਿਤ ਨਾ ਹੋਵੇ ਤਾਂ ਆਪਣੇ ਆਪ ਤੋਂ ਮੋਈ ਹੋਈ ਹੈ।
>
> ... ਕੀ ਤੂੰ ਇਹ ਜਾਣਨਾ ਚਾਹੁੰਦਾ ਹੈਂ ਭਈ ਅਮਲਾਂ ਬਾਝੋਂ ਨਿਹਚਾ ਅਕਾਰਥ ਹੈ?... ਜਿਵੇਂ ਆਤਮਾ ਬਾਝੋਂ ਸਰੀਰ ਮੁਰਦਾ ਹੈ ਤਿਵੇਂ ਹੀ ਅਮਲਾਂ ਬਾਝੋਂ ਨਿਹਚਾ ਮੁਰਦਾ ਹੈ।

ਮੁਕਤੀ ਦੁਆਉਣ ਵਾਲਾ ਵਿਸ਼ਵਾਸ ਮੁਰਦਾ, ਵਿਅਰਥ, ਬੇਕਾਰ ਵਿਸ਼ਵਾਸ ਨਹੀਂ, ਸਗੋਂ ਜਿਉਂਦਾ ਅਤੇ ਕਾਰਜਕਾਰੀ ਵਿਸ਼ਵਾਸ ਹੈ।

**ਪਾਪਾਂ ਤੋਂ ਤੌਬਾ ਕਰੋ**

ਸੱਚੇ ਵਿਸ਼ਵਾਸ ਨੂੰ ਵਿਖਾਉਣ ਦਾ ਇਕ ਹੋਰ ਤਰੀਕਾ ਹੈ, ਪਛਤਾਵਾ। ਯਿਸੂ ਨੇ ਕਿਹਾ, ''ਜੇ ਤੁਸੀਂ ਤੌਬਾ ਨਾ ਕਰੋ ਤਾਂ ਤੁਸਾਂ ਸਭਨਾਂ ਦਾ ਇਸੇ ਤਰ੍ਹਾਂ ਨਾਸ ਹੋ ਜਾਵੇਗਾ'' (ਲੂਕਾ 13:3)।

ਪਤਰਸ ਨੇ ਆਪਣੇ ਸੁਣਨ ਵਾਲਿਆਂ ਨੂੰ ਦੱਸਿਆ, ''ਤੌਬਾ ਕਰੋ ਅਤੇ ਤੁਹਾਡੇ ਵਿੱਚੋਂ ਹਰੇਕ ... ਬਪਤਿਸਮਾ ਲਵੇ'' (ਰਸੂਲਾਂ ਦੇ ਕੰਮ 2:38)। ਪੌਲੁਸ ਨੇ ਕਿਹਾ, ''ਪ੍ਰਮੇਸ਼ਵਰ ... ਹੁਣ ਮਨੁੱਖਾਂ ਨੂੰ ਹੁਕਮ ਦਿੰਦਾ ਹੈ ਜੋ ਉਹ ਸਭ ਹਰੇਕ ਥਾਂ ਤੌਬਾ ਕਰਨ'' (ਰਸੂਲਾਂ ਦੇ ਕੰਮ 17:30)।

ਯਿਸੂ ਵਿਚ ਸਾਡਾ ਵਿਸ਼ਵਾਸ ਵਧਣ ਨਾਲ ਸਾਨੂੰ ਆਪਣੇ ਆਪ ਨੂੰ ਦੇਖਣਾ ਜ਼ਰੂਰੀ ਹੈ ਕਿ ਅਸੀਂ ਪਾਪੀ ਹਾਂ ਜਿਨ੍ਹਾਂ ਨੂੰ ਬਚਾਏ ਜਾਣ ਦੀ ਲੋੜ ਹੈ।[6] ਇਸ ਨਾਲ ਪਛਤਾਵਾ ਪੈਦਾ ਹੋਣਾ ਜ਼ਰੂਰੀ ਹੈ।

ਪਛਤਾਵਾ ਕੀ ਹੈ? ਕਈ ਲੋਕ ਤੌਬਾ ਨੂੰ ਪਾਪ ਲਈ ਪਛਤਾਵਾ ਮੰਨਦੇ ਹਨ। ਹੋਰ ਇਹਨੂੰ ਜ਼ਿੰਦਗੀ ਵਿਚ ਆਉਣ ਵਾਲਾ ਬਦਲਾਅ ਮੰਨਦੇ ਹਨ। ਅਸਲ 'ਚ ਤੌਬਾ ਕਰਨ ਵਾਲਾ ਵਿਅਕਤੀ ਦੁਖੀ ਹੋਵੇਗਾ ਕਿ ਉਹਨੇ ਪਾਪ ਕੀਤਾ ਹੈ, ਅਤੇ ਉਹਦੀ ਜ਼ਿੰਦਗੀ ਬਦਲ *ਜਾਵੇਗੀ,* ਪਰ ਪਛਤਾਵਾ ਆਪਣੇ ਆਪ ਵਿਚ ਇਹਨਾਂ ਦੋਹਾਂ ਦੇ ਵਿਚਕਾਰ ਖੜਾ ਹੈ।




ਉੱਪਰ ਦਿੱਤੇ ਗਏ ਰੇਖਾ ਚਿੱਤਰ ਨੂੰ ਧਿਆਨ ਦੇਣ ਤੇ ਪਤਾ ਲਗਦਾ ਹੈ ਕਿ ਪ੍ਰਮੇਸ਼ਵਰ ਯੋਗ ਉਦਾਸੀ ਨਾਲ ਤੌਬਾ ਹੁੰਦੀ ਹੈ। 2 ਕੁਰਿੰਥੀਆਂ 7:10 ਸਾਨੂੰ ਦੱਸਦਾ ਹੈ ਕਿ ''ਪ੍ਰਮੇਸ਼ਵਰ ਜੋਗ ਉਦਾਸੀ[7] ਮੁਕਤੀ ਲਈ ਅਜਿਹੀ ਤੌਬਾ ਪੈਦਾ ਕਰਦੀ ਹੈ ਜਿਸ ਤੋਂ ਕੋਈ ਨਹੀਂ ਪਛਤਾਉਂਦਾ ...।''[8] ਫਿਰ ਧਿਆਨ ਦਿਓ ਕਿ ਜੀਵਨ ਬਦਲਣਾ ਪਛਤਾਵੇ ਨਾਲ ਹੁੰਦਾ ਹੈ। ਪੌਲੁਸ ਜਿੱਥੇ ਵੀ ਗਿਆ ਉਹਨੇ ਲੋਕਾਂ ਨੂੰ ਦੱਸਿਆ ਕਿ ''ਤੌਬਾ ਕਰੋ ਅਤੇ ਪ੍ਰਮੇਸ਼ਵਰ ਦੀ ਵੱਲ ਮੁੜੋ ਅਤੇ ਤੌਬਾ ਦੇ ਲਾਇਕ ਕੰਮ ਕਰੋ'' (ਰਸੂਲਾਂ ਦੇ ਕੰਮ 26:20)। ਪਛਤਾਵਾ ਪ੍ਰਮੇਸ਼ਵਰ ਦੇ ਯੋਗ ਉਦਾਸੀ ਤੋਂ *ਬਾਅਦ* ਅਤੇ ਜੀਵਨ ਦੇ ਬਦਲਣ ਤੋਂ ਪਹਿਲਾਂ ਆਉਂਦਾ ਹੈ।

ਫਿਰ ਪਛਤਾਵਾ ਕੀ ਹੈ? ਦੇ ਯੂਨਾਨੀ ਸ਼ਬਦ ਦਾ ਅਨੁਵਾਦ ''ਮਨ ਬਦਲਨਾ'' ਦਾ ਸ਼ਬਦੀ ਅਰਥ ਹੈ, ''ਨਵਾਂ ਮਨ ਪਾਉਣਾ।'' ਇਹ *ਮਨ ਦਾ ਬਦਲਣਾ* ਹੋਣਾ ਹੈ।

ਲੋਕਾਂ ਉੱਤੇ ਲਾਗੂ ਕਰਨ ਤੇ ਪਛਤਾਵਾ *ਪਾਪ* ਬਾਰੇ ਮਨ ਨੂੰ ਬਦਲਨਾ ਹੈ। ਜਦ ਕਿਸੇ ਨੂੰ ਇਹ ਅਹਿਸਾਸ ਹੋ ਜਾਂਦਾ ਹੈ ਕਿ ਪਾਪ ਤੋਂ ਪ੍ਰਮੇਸ਼ਵਰ ਦਾ ਮਨ ਦੁਖੀ ਹੁੰਦਾ ਹੈ, ਤਾਂ ਉਹਨੂੰ ਪਤਾ ਲਗਦਾ ਹੈ ਕਿ ਪਾਪ ਕਿੰਨਾ ਭਿਆਨਕ ਹੈ। ਜਦੋਂ ਕਿਸੇ ਨੂੰ ਇਹ ਗਿਆਨ ਹੋ ਜਾਂਦਾ ਹੈ ਕਿ ਪਾਪ ਦੇ ਕਾਰਣ ਯਿਸੂ ਨੂੰ ਸੂਲੀ ਉੱਤੇ ਮਰਨਾ ਪਿਆ, ਤਾਂ ਉਹ ਪਾਪ ਤੋਂ ਇਨਕਾਰ ਕਰਦਾ ਹੈ। ਆਪਣੇ ਪਾਪੀ ਹੋਣ ਦੀ ਉਦਾਸੀ ਨਾਲ, ਉਹਨੂੰ ਪੱਕਾ ਯਕੀਨ ਹੁੰਦਾ ਹੈ ਕਿ ਪ੍ਰਮੇਸ਼ਵਰ ਦੀ ਮਦਦ ਨਾਲ ਉਹ ਇਕ ਉੱਤਮ ਜੀਵਨ ਜੀਵੇਗਾ। ਇਸ ਫੈਸਲੇ ਨੂੰ ਬਾਈਬਲ ਵਿਚ ''ਪਛਤਾਵਾ'' ਕਿਹਾ ਗਿਆ ਹੈ।

ਅਸਲੀ ਪਛਤਾਵੇ ਦਾ ਇਕ ਅਸਰ ਵਿਅਕਤੀ ਦੀ ਜ਼ਿੰਦਗੀ ਤੇ ਹਮੇਸ਼ਾ ਹੁੰਦਾ ਹੈ। ਇਸ ਦੇ ਨਾਲ ਸਿੱਧ ਜੀਵਨ ਨਹੀਂ ਹੋ ਜਾਵੇਗਾ ਕਿਉਂਕਿ ਸਿੱਧ ਤਾਂ ਕੋਈ ਵੀ ਨਹੀਂ ਹੈ; ਪਰੰਤੂ ਇਹ ਉਹਦੀ ਬੇਹਤਰੀ ਦੇ ਲਈ ਉਹਦੇ ਜੀਵਨ ਨੂੰ ਬਦਲ ਦਿੰਦਾ ਹੈ। ਜੇ ਜ਼ਿੰਦਗੀ ਵਿਚ ਕੋਈ ਬਦਲਾਅ ਨਹੀਂ ਹੈ ਤਾਂ ਜ਼ਾਹਰ ਤੌਰ ਤੇ ਕੋਈ ਪਛਤਾਵਾ ਨਹੀਂ ਹੋਇਆ।

ਪਛਤਾਵੇ ਨੂੰ ''ਮਨ ਬਦਲੀ ਦਾ ਸਭ ਤੋਂ ਔਖਾ ਹਿੱਸਾ'' ਮੰਨਿਆ ਗਿਆ ਹੈ। ਇਹ ਸਭ ਤੋਂ ਔਖਾ ਹਿੱਸਾ ਹੈ ਕਿਉਂਕਿ ਇਹ ਜੀਵਨ ਨੂੰ ਬਦਲਣ ਦੀ ਮੰਗ ਕਰਦਾ ਹੈ। ਬਦਲਾਅ ਲਿਆਉਣਾ ਔਖਾ ਹੀ ਨਹੀਂ ਸਗੋਂ ਤਕਲੀਫ਼ਦੇਹ ਵੀ ਹੈ। ਇਸ ਲਈ ਜੇ ਅਸੀਂ ਮੁਕਤੀ ਪਾਉਣਾ ਚਾਹੁੰਦੇ ਹਾਂ ਤਾਂ ਪ੍ਰਭੂ ਦੀ ਮਦਦ ਨਾਲ ਬਦਲਾਅ ਲਿਆਉਣ ਦੀ ਕੋਸ਼ਿਸ਼ ਕਰਨੀ ਜ਼ਰੂਰੀ ਹੈ।

**ਮਸੀਹ ਦਾ ਇਕਰਾਰ ਕਰੋ**

ਯਿਸੂ ਵਿਚ ਵਿਸ਼ਵਾਸ ਨੂੰ ਵਿਖਾਉਣ ਦਾ ਇਕ ਹੋਰ ਤਰੀਕਾ ਹੈ, ਅਤੇ ਉਹ ਤਰੀਕਾ ਉਸ ਵਿਸ਼ਵਾਸ ਦਾ ਇਕਰਾਰ ਕਰਨਾ ਹੈ। ਵਿਸ਼ਵਾਸ ਅਤੇ ਇਕਰਾਰ ਵਿਚ ਗੂੜ੍ਹਾ ਸਬੰਧ ਰੋਮੀਆਂ 10:9, 10 ਵਿਚ ਵਿਖਾਈ ਦਿੰਦਾ ਹੈ:

> ...ਜੇ ਤੂੰ ਆਪਣੇ ਮੂੰਹ ਨਾਲ ਪ੍ਰਭੂ ਯਿਸੂ ਦਾ ਇਕਰਾਰ ਕਰੇਂ ਅਤੇ ਆਪਣੇ ਹਿਰਦੇ ਨਾਲ ਮੰਨ ਲਵੇਂ ਜੋ ਪ੍ਰਮੇਸ਼ਵਰ ਨੇ ਉਹ ਨੂੰ ਮੁਰਦਿਆਂ ਵਿੱਚੋਂ ਜਿਵਾਲਿਆ ਤਾਂ ਤੂੰ ਬਚਾਇਆ ਜਾਵੇਂਗਾ। ਧਰਮ ਲਈ ਤਾਂ ਹਿਰਦੇ ਨਾਲ ਨਿਹਚਾ ਕਰੀਦੀ ਅਤੇ ਮੁਕਤੀ ਲਈ ਮੂੰਹ ਨਾਲ ਇਕਰਾਰ ਕਰੀਦਾ ਹੈ।[9]

ਜੇ ਅਸੀਂ ਮੁਕਤੀ ਪਾਉਣਾ ਚਾਹੁੰਦੇ ਹਾਂ ਤਾਂ ''ਯਿਸੂ ਨੂੰ ਪ੍ਰਭੂ ਮੰਨ ਕੇ ਇਕਰਾਰ'' ਕਰਨਾ ਜ਼ਰੂਰੀ ਹੈ। ਮਸੀਹ ਨੇ ਖੁਦ ਇਕਰਾਰ ਦੀ ਲੋੜ ਉੱਤੇ ਜ਼ੋਰ ਦਿੱਤਾ:

> ਜੋ ਕੋਈ ਮਨੁੱਖਾਂ ਦੇ ਅੱਗੇ ਮੇਰਾ ਇਕਰਾਰ ਕਰੇਗਾ ਮੈਂ ਵੀ ਆਪਣੇ ਪਿਤਾ ਦੇ ਅੱਗੇ ਜਿਹੜਾ ਸਵਰਗ ਵਿਚ ਹੈ ਉਹ ਦਾ ਇਕਰਾਰ ਕਰਾਂਗਾ। ਪਰ ਜੇ ਕੋਈ ਮਨੁੱਖਾਂ ਦੇ ਅੱਗੇ ਮੇਰਾ ਇਨਕਾਰ ਕਰੇਗਾ ਮੈਂ ਵੀ ਆਪਣੇ ਪਿਤਾ ਦੇ ਅੱਗੇ ਜਿਹੜਾ ਸਵਰਗ ਵਿਚ ਹੈ ਉਹ ਦਾ ਇਨਕਾਰ ਕਰਾਂਗਾ (ਮੱਤੀ 10:32, 33)।

''ਯਿਸੂ ਨੂੰ ਪ੍ਰਭੂ ਜਾਣ ਕੇ ਇਕਰਾਰ'' ਕਰਨ ਤੋਂ ਕੀ ਭਾਵ ਹੈ? ਫੇਰ ਤੋਂ ਰੋਮੀਆਂ 10 ਅਤੇ ਮੱਤੀ 10 ਵੇਖੋ:

- ਇਹ ਯਿਸੂ ਵਿਚ ਆਪਣੇ ਵਿਸ਼ਵਾਸ ਦਾ ਇਕਰਾਰ ਹੈ (ਇਸ ਲਈ ਇਹ ਪਾਪਾਂ ਦਾ ਇਕਰਾਰ ਨਹੀਂ ਹੈ[10])।
- ਇਹ ਮੂੰਹ ਨਾਲ ਇਕਰਾਰ ਹੈ (ਇਸ ਲਈ ਇਹ ਸਿਰਫ਼ ਜੀਉਣ ਦੇ ਢੰਗ ਨਾਲ ਇਕਰਾਰ ਨਹੀਂ ਹੈ[11])।
- ਇਹ ਦੂਜਿਆਂ ਦੇ ਸਾਹਮਣੇ ਇਕਰਾਰ ਹੈ (ਇਸ ਲਈ ਇਹ ਗੁਪਤ ਇਕਰਾਰ ਨਹੀਂ ਹੈ)।

ਵਿਸ਼ਵਾਸ ਦਾ ਇਕ ਹੋਰ ਇਕਰਾਰ ਮੱਤੀ 16 ਵਿਚ ਮਿਲਦਾ ਹੈ: ਯਿਸੂ ਨੇ ਆਪਣੇ ਚੇਲਿਆਂ ਨੂੰ ਪੁੱਛਿਆ ਕਿ ਉਨ੍ਹਾਂ ਨੂੰ ਕੀ ਲਗਦਾ ਹੈ ਕਿ ਉਹ ਕੌਣ ਹੈ। ਪਤਰਸ ਨੇ ਜਵਾਬ ਦਿੱਤਾ, ''ਤੂੰ ਮਸੀਹ ਜੀਉਂਦੇ ਪ੍ਰਮੇਸ਼ਵਰ ਦਾ ਪੁੱਤਰ ਹੈਂ'' (ਮੱਤੀ 16:16)। ''ਮਸੀਹ'' ਇਬਰਾਨੀ ਸ਼ਬਦ ''ਮਸਾਯਾਹ'' ਦਾ ਯੂਨਾਨੀ ਰੂਪ ਹੈ, ਜਿਸ ਦਾ ਅਰਥ ਹੈ, ''ਚੁਣਿਆ ਹੋਇਆ'' ਜਾਂ

ਮਸਹ ਕੀਤਾ ਹੋਇਆ। ਯਹੂਦੀ ਲੋਕ ਸਦੀਆਂ ਤੋਂ ਮਸਾਯਾਹ ਦੇ ਆਉਣ ਦੀ ਰਾਹ ਵੇਖ ਰਹੇ ਸਨ। ਪਤਰਸ ਨੇ ਯਿਸੂ ਵਿਚ ਪ੍ਰਮੇਸ਼ਵਰ ਵੱਲੋਂ ਭੇਜੇ ਗਏ ਮਸਾਯਾਹ ਦੇ ਰੂਪ ਵਿਚ ਵਿਸ਼ਵਾਸ ਵਿਖਾਇਆ ਸੀ। ''ਜੀਉਂਦੇ ਪ੍ਰਮੇਸ਼ਵਰ ਦਾ ਪੁੱਤਰ'' ਵਾਕਾਂਸ਼ ਤੋਂ ਸੰਕੇਤ ਮਿਲਦਾ ਹੈ ਕਿ ਪਤਰਸ ਸਮਝ ਗਿਆ ਸੀ ਕਿ ਯਿਸੂ ਇਲਾਹੀ ਹੈ।

ਵਿਸ਼ਵਾਸ ਦਾ ਇਕ ਇਕਰਾਰ ਰਸੂਲਾਂ ਦੇ ਕੰਮ 8 ਅਧਿਆਇ ਵਿਚ ਮਿਲਦਾ ਹੈ। ਬਪਤਿਸਮੇ ਤੋਂ ਪਹਿਲਾਂ ਦੇ ਇਕਰਾਰ ਦੀ ਇਹ ਦੂਜੀ ਉਦਾਹਰਣ ਹੈ। ਫ਼ਿਲਿੱਪੁਸ ਹਬਸ਼ੀ ਖੋਜੇ ਨੂੰ ਯਿਸੂ ਬਾਰੇ ਦੱਸ ਰਿਹਾ ਸੀ।


> ਅਤੇ ਉਹ ਰਾਹ ਤੇ ਜਾਂਦੇ ਜਾਂਦੇ ਇਕ ਪਾਣੀ ਦੇ ਕੋਲ ਅੱਪੜੇ। ਤਾਂ ਉਸ ਖੋਜੇ[12] ਨੇ ਕਿਹਾ ਕਿ ਵੇਖ, ਪਾਣੀ ਹੈ। ਹੁਣ ਮੈਨੂੰ ਬਪਤਿਸਮਾ ਲੈਣ ਤੋਂ ਕਿਹੜੀ ਚੀਜ਼ ਰੋਕਦੀ ਹੈ? [ਫ਼ਿਲਿੱਪੁਸ ਨੇ ਕਿਹਾ, ਜੇ ਤੂੰ ਸਾਰੇ ਮਨ ਨਾਲ ਵਿਸ਼ਵਾਸ ਕਰਦਾ ਹੈਂ ਤਾਂ ਹੋ ਸਕਦਾ ਹੈ: ਉਹਨੇ ਉੱਤਰ ਦਿੱਤਾ ਮੈਂ ਵਿਸ਼ਵਾਸ ਕਰਦਾ ਹਾਂ ਕਿ ਯਿਸੂ ਮਸੀਹ ਪ੍ਰਮੇਸ਼ਵਰ ਦਾ ਪੁੱਤਰ ਹੈ।][13] ਤਦ ਉਸ ਨੇ ਰੱਥ ਖੜਾ ਕਰਨ ਦਾ ਹੁਕਮ ਕੀਤਾ ਅਤੇ ਫ਼ਿਲਿੱਪੁਸ ਅਤੇ ਖੋਜਾ ਦੋਵੇਂ ਪਾਣੀ ਵਿਚ ਉੱਤਰੇ ਅਤੇ ਉਹ ਨੇ ਉਸ ਨੂੰ ਬਪਤਿਸਮਾ ਦਿੱਤਾ (ਰਸੂਲਾਂ ਦੇ ਕੰਮ 8:36-38)।

ਧਿਆਨ ਦਿਓ ਕਿ ਇਸ ਅਧਿਕਾਰੀ ਨੇ ਵਿਸ਼ਵਾਸ ਦਾ ਇਕਰਾਰ ਬਿਲਕੁਲ ਉਵੇਂ ਹੀ ਕੀਤਾ ਸੀ ਜਿਵੇਂ ਮੱਤੀ 16 ਵਿਚ ਪਤਰਸ ਨੇ ਕੀਤਾ ਸੀ। ਇਹ ਵੀ ਧਿਆਨ ਦੇਣ ਯੋਗ ਹੈ ਕਿ ਇਕਰਾਰ ''ਮੂੰਹ ਤੋਂ'' ਅਤੇ ''ਮਨੁੱਖ (ਅਸਲ 'ਚ ਇਕ ਮਨੁੱਖ, ਫ਼ਿਲਿੱਪੁਸ) ਦੇ ਸਾਹਮਣੇ'' ਸੀ।

ਬਪਤਿਸਮਾ ਲੈਣ ਤੋਂ ਪਹਿਲਾਂ, ਯਿਸੂ ਵਿਚ ਆਪਣੇ ਵਿਸ਼ਵਾਸ ਦਾ ਇਕਰਾਰ ਕਰਨਾ ਜ਼ਰੂਰੀ ਹੈ। ਮਸੀਹ ਨੇ ਵਿਸ਼ਵਾਸ ਨੂੰ ਬਪਤਿਸਮੇ ਤੋਂ ਪਹਿਲਾਂ ਰੱਖਿਆ (ਮਰਕੁਸ 16:16)। ਇਸ ਲਈ ਮੈਂ ਕਿਸੇ ਨੂੰ ਵਚਨ ਦੇ ਮੁਤਾਬਕ ਇਹ ਜਾਣੇ ਬਗੈਰ ਬਪਤਿਸਮਾ ਨਹੀਂ ਦੇ ਸਕਦਾ ਕਿ ਉਹਨੂੰ ਵਿਸ਼ਵਾਸ ਹੈ। ਮੈਨੂੰ ਕਿਵੇਂ ਪਤਾ ਲਗ ਸਕਦਾ ਹੈ ਕਿ ਉਹਨੂੰ ਵਿਸ਼ਵਾਸ ਹੈ? ਉਹੀ ਮੈਨੂੰ ਦੱਸੇਗਾ।

ਬਪਤਿਸਮਾ ਦੇਣ ਤੋਂ ਪਹਿਲਾਂ, ਆਮ ਤੌਰ ਤੇ ਲੋਕਾਂ ਨੂੰ ਪੁੱਛਿਆ ਜਾਂਦਾ ਹੈ ਕਿ ਕੀ ਉਹ ਵਿਸ਼ਵਾਸ ਕਰਦੇ ਹਨ ਕਿ ਯਿਸੂ ਹੀ ਮਸੀਹ ਹੈ ਅਤੇ ਜੀਉਂਦੇ ਪ੍ਰਮੇਸ਼ਵਰ ਦਾ ਪੁੱਤਰ ਹੈ। ਕਈ ਤਾਂ ਸਿੱਧਾ ਜਿਹਾ ਉੱਤਰ ਦਿੰਦੇ ਹਨ ''ਹਾਂ।'' ਬਾਕੀ ਆਪਣੇ ਵਿਸ਼ਵਾਸ ਨੂੰ ਥੋੜ੍ਹੇ ਜਿਹੇ ਸ਼ਬਦਾਂ ਵਿਚ ਦੱਸਦੇ ਹਨ। ''ਪੱਕਾ ਇਕਰਾਰ'' (1 ਤਿਮੋਥਿਉਸ 6:12, 13)[14] ਕਰਨ ਦੇ ਲਈ ਦੋਵੇਂ ਹੀ ਢੰਗ ਕਬੂਲਣ ਯੋਗ ਹਨ।

ਯਕੀਨਨ ਹੀ, ਤੁਹਾਡੇ ਮੂੰਹ ਤੋਂ ਯਿਸੂ ਮਸੀਹ ਦਾ ਇਕਰਾਰ ਬਪਤਿਸਮਾ ਲੈਣ ਤੋਂ ਬਾਅਦ ਵੀ ਤੁਹਾਡੇ ਅੰਦਰ ਰਹਿਣਾ ਜ਼ਰੂਰੀ ਹੈ। ਅਰੰਭਿਕ ਮਸੀਹੀ ਕਈ ਵਾਰੀ ਯਿਸੂ ਮਸੀਹ ਵਿਚ ਆਪਣੇ ਵਿਸ਼ਵਾਸ ਨੂੰ ਵਿਖਾਉਣ ਲਈ ਮੱਛੀ ਦੇ ਚਿੱਤਰ ਦੀ ਵਰਤੋਂ ਕਰਦੇ ਸਨ:[15]



''ਮੱਛੀ'' ਲਈ ਯੂਨਾਨੀ ਸ਼ਬਦ ਇਖਥੁਸ (*ichthus*) ਹੈ। ਯੂਨਾਨੀ ਦੇ ਵੱਡੇ ਅੱਖਰਾਂ ਵਿਚ ਲਿਖਿਆ ਹੋਇਆ, ਇਹ ਇਸ ਤਰ੍ਹਾਂ ਵਿਖਾਈ ਦਿੰਦਾ ਹੈ:

ΙΧΘΥΣ

ਇਸ ਸ਼ਬਦ ਵਿਚ ਯੂਨਾਨੀ ਅੱਖਰ ਯਿਸੂ ਦੇ ਨਾਵਾਂ ਅਤੇ ਸਿਰਲੇਖਾਂ ਨੂੰ ਵਿਖਾਉਣ ਲਈ ਵਰਤੇ ਜਾਂਦੇ ਸਨ:

Ι - (ਅਯੋਟਾ) ''ਯਿਸੂ'' ਲਈ ਯੂਨਾਨੀ ਸ਼ਬਦ *Iesous,*[16] ਦਾ ਪਹਿਲਾ ਅੱਖਰ ਹੈ।
Χ - (ਖਿ) ''ਖ੍ਰਿਸਟੁਸ'' ਲਈ ਯੂਨਾਨੀ ਸ਼ਬਦ *Christos*, ਦਾ ਪਹਿਲਾ ਅੱਖਰ ਹੈ।
Θ - (ਥੀਟਾ) ਯੂਨਾਨੀ ਸ਼ਬਦ *Theou* ਜਿਸਦਾ ਅਰਥ ''ਪ੍ਰਮੇਸ਼ਵਰ ਦਾ'' ਹੈ, ਦਾ ਪਹਿਲਾ ਅੱਖਰ ਹੈ।
Υ - (ਓਪਸੀਲੋਨ) ''ਪੁੱਤਰ'' ਲਈ ਯੂਨਾਨੀ ਸ਼ਬਦ, *Uios* ਦਾ ਪਹਿਲਾ ਅੱਖਰ ਹੈ।
Σ - (ਸਿਗਮਾ) ''ਮੁਕਤੀਦਾਤਾ'' ਲਈ ਯੂਨਾਨੀ ਸ਼ਬਦ *Soter* ਦਾ ਪਹਿਲਾ ਅੱਖਰ ਹੈ।

ਇਸ ਅਸਾਨ ਅੱਖਰ-ਬੋਧ ਨਾਲ ਅਰੰਭਿਕ ਮਸੀਹੀ ਆਪਣੇ ਵਿਸ਼ਵਾਸ ਦਾ ਪ੍ਰਗਟਾਵਾ ਕਰਦੇ ਸਨ ਕਿ ਯਿਸੂ ਹੀ ਮਸੀਹ ਹੈ, ਕਿ ਉਹ ਪ੍ਰਮੇਸ਼ਵਰ ਦਾ ਪੁੱਤਰ ਹੈ, ਅਤੇ ਇਹ ਕਿ ਉਨ੍ਹਾਂ ਦਾ ਮੁਕਤੀਦਾਤਾ ਹੈ।

## ਸਾਰ

ਇਹ ਪਾਠ ਵਿਸ਼ਵਾਸ ਦੇ ਉੱਤਰ ਤੇ ਅਧਾਰਿਤ ਹੈ-ਵਿਸ਼ਵਾਸ ਜੋ ਤੌਬਾ ਵੱਲ ਲੈ ਜਾਂਦਾ ਹੈ, ਵਿਸ਼ਵਾਸ ਜਿਹੜਾ ਸਾਥੋਂ ਯਿਸੂ ਮਸੀਹ ਦਾ ਇਕਰਾਰ ਕਰਵਾਉਂਦਾ ਹੈ। ਅਗਲੇ ਪਾਠ ਵਿਚ, ਅਸੀਂ ਬਪਤਿਸਮੇ ਦੇ ਉੱਤਰ ਵਿਚ ਵਿਚਾਰ ਕਰਾਂਗੇ।

ਸਵਾਲ ਜਿਹੜਾ ਹੁਣ ਮੈਂ ਤੁਹਾਥੋਂ ਪੁੱਛਣਾ ਚਾਹੁੰਦਾ ਹਾਂ, ਉਹ ਇਹ ਹੈ ਕਿ ''ਕੀ ਤੁਸੀਂ ਯਿਸੂ ਵਿਚ ਵਿਸ਼ਵਾਸ ਕਰਦੇ ਹੋ?'' ਆਪਣੇ ਆਪ ਤੋਂ ਇਹ ਸਵਾਲ ਪੁੱਛੋ। ਕੀ ਤੁਸੀਂ ਸੱਚਮੁੱਚ ਵਿਸ਼ਵਾਸ ਕਰਦੇ ਹੋ ਕਿ ਉਹੀ ਮਸੀਹ, ਜੀਉਂਦੇ ਪ੍ਰਮੇਸ਼ਵਰ ਦਾ ਪੁੱਤਰ ਹੈ? ਕੀ ਇਹ ਵਿਸ਼ਵਾਸ ਤੁਹਾਡੀ ਜ਼ਬਾਨ ਤੇ ਆਇਆ ਹੈ? ਕੀ ਇਸ ਵਿਸ਼ਵਾਸ ਦਾ ਤੁਹਾਡੀ ਜ਼ਿੰਦਗੀ ਤੇ ਕੋਈ ਅਸਰ ਹੈ? ਯਿਸੂ ਨੇ ਕਿਹਾ ਸੀ, ''ਜੇ ਤੁਸੀਂ ਪ੍ਰਤੀਤ ਨਾ ਕਰੋ ਕਿ ਮੈਂ ਉਹੋ (ਪ੍ਰਮੇਸ਼ਵਰ ਵੱਲੋਂ ਭੇਜਿਆ ਹੋਇਆ ਮਸੀਹ) ਹਾਂ ਤਾਂ ਆਪਣੇ ਪਾਪਾਂ ਵਿਚ ਮਰੋਗੇ'' (ਯੂਹੰਨਾ 8:24)।

---

ਟਿੱਪਣੀਆਂ

[1]ਖੁਸ਼ਖਬਰੀ ਲਈ ਪੰਜਾਬੀ ਸ਼ਬਦ ''ਇੰਜੀਲ'' ਅਤੇ ਯੂਨਾਨੀ ਸ਼ਬਦ ਜਿਸ ਤੋਂ ਇਹ ਅਨੁਵਾਦ ਹੋਇਆ ਹੈ ਦਾ ਮੂਲ ਅਰਥ ''ਖੁਸ਼ੀ ਦੀ ਖ਼ਬਰ'' ਹੈ। 1 ਕੁਰਿੰਥੀਆਂ 15:1-4 ਵਿਚ ਪੌਲੁਸ ਨੇ ਕਿਹਾ ਕਿ ਇਸ ਇੰਜੀਲ ਦਾ ਸਾਰ ਯਿਸੂ ਦੀ ਮੌਤ, ਦਫ਼ਨਾਇਆ ਜਾਣਾ ਅਤੇ ਜੀ ਉੱਠਣਾ ਹੈ। [2]''ਮਸਾਯਾਹ'' ਇਕ ਇਬਰਾਨੀ ਸ਼ਬਦ ਹੈ ਜਿਸ ਦਾ

ਅਰਥ ਹੈ ''ਚੁਣਿਆ ਹੋਇਆ'' ਜਾਂ ''ਮਸਹ ਕੀਤਾ ਹੋਇਆ।'' ਯਹੂਦੀ ਰਾਜਿਆਂ ਦੀ ਤਾਜਪੋਸ਼ੀ ਵੇਲੇ ਉਨ੍ਹਾਂ ਨੂੰ ਤੇਲ ਨਾਲ ਮਸਹ ਕੀਤਾ ਜਾਂਦਾ ਸੀ ਅਤੇ ''ਖ਼ੁਦਾ ਦਾ ਮਸਹ ਕੀਤਾ ਹੋਇਆ'' ਕਿਹਾ ਜਾਂਦਾ ਸੀ। ਯਹੂਦੀ ਲੋਕ ਉਸ ਮਹਾਨ ਰਾਜੇ ਅਰਥਾਤ ਮਸੀਹਾ ਦੀ ਰਾਹ ਤੱਕ ਰਹੇ ਸਨ ਜਿਸ ਨੇ ਅਖੀਰ ਵਿਚ ਮਸਹ ਕੀਤਾ ਹੋਇਆ ਰਾਜਾ ਹੋਣਾ ਸੀ। ਯਿਸੂ ਉਹੀ ਮਸੀਹਾ ਸੀ, ਪਰ ਬਹੁਤੇ ਯਹੂਦੀਆਂ ਨੇ ਉਹਨੂੰ ਪਛਾਣਿਆ ਨਹੀਂ। [3]ਯਿਸੂ ਵਿਚ ਵਿਸ਼ਵਾਸ ਪ੍ਰਮੇਸ਼ਵਰ ਵਿਚ ਵਿਸ਼ਵਾਸ (ਇਬਰਾਨੀਆਂ 11:6) ਅਤੇ ਬਾਈਬਲ ਵਿਚ ਵਿਸ਼ਵਾਸ ਨੂੰ ਵਿਖਾਉਂਦਾ ਹੈ। ''ਇਖ਼ਤਿਆਰ'' ਤੇ ਪਿਛਲਾ ਪਾਠ ਵੇਖੋ। [4]ਕੌਮ ਦੇ ਰੂਪ ਵਿਚ, ਯਹੂਦੀਆਂ ਨੇ ਯਿਸੂ ਨੂੰ ਮਸੀਹਾ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ। [5]ਅਜਿਹਾ ਲਗਦਾ ਹੈ ਜਿਵੇਂ ਇਹ ਅਫ਼ਸੀਆਂ 2:9 ਵਿਚ ਪੌਲੁਸ ਦੀ ਗੱਲ ਦੇ ਉਲਟ ਹੋਵੇ। ਫਿਰ ਵੀ ਸਮਝ ਲਓ ਕਿ ਪੌਲੁਸ *ਘੁਮੰਡ* ਦੇ ਕੰਮਾਂ ਦੀ ਗੱਲ ਕਰ ਰਿਹਾ ਸੀ, ਜਦ ਕਿ ਯਾਕੂਬ *ਵਿਸ਼ਵਾਸ* ਦੇ ਇਜ਼ਹਾਰ ਦੀ। [6]ਪਿਛਲਾ ਪਾਠ ਵੇਖੋ। [7]''ਪ੍ਰਮੇਸ਼ਵਰ ਜੋਗ ਉਦਾਸੀ'' ਉਹ ਉਦਾਸੀ ਹੈ ਜਿਹੜੀ ''ਪ੍ਰਮੇਸ਼ਵਰ ਦੀ ਇੱਛਾ ਦੇ ਅਨੁਸਾਰ'' ਹੋਵੇ। [8]2 ਕੁਰਿੰਥੀਆਂ 7:10 ਵਿਚ ਵਰਣਿਤ ''ਸੰਸਾਰ ਦੀ ਉਦਾਸੀ'' ਉਹ ਉਦਾਸੀ ਹੈ ਜਿਸ ਵਿਚ ਕੋਈ ਇਸ ਲਈ ਦੁਖੀ ਹੁੰਦਾ ਹੈ ਕਿਉਂਕਿ ਉਹ ਕੋਈ ਗਲਤੀ ਕਰਦਿਆਂ ਫੜ੍ਹਿਆ ਗਿਆ ਹੈ, ਜਾਂ ਉਸ ਨੂੰ ਆਪਣੀ ਕਿਸੇ ਕਰਤੂਤ ਕਾਰਣ ਤਕਲੀਫ਼ ਝੱਲਣੀ ਪਈ ਹੈ। ਉਸ ਨੂੰ ਅਜਿਹੀ ਉਦਾਸੀ ਨਹੀਂ ਹੈ ਜਿਸ ਨਾਲ ਉਹ ਪਾਪ ਕਰਨਾ ਛੱਡ ਦੇਵੇ। [9]ਕਈ ਲੋਕਾਂ ਦਾ ਸੁਝਾਅ ਹੈ ਕਿ ਇਹ ਆਇਤ ''ਨਿਰੇ ਵਿਸ਼ਵਾਸ ਨਾਲ'' ਮੁਕਤੀ ਦੀ ਸਿੱਖਿਆ ਦਿੰਦੀ ਹੈ। ਪਰ ਧਿਆਨ ਦਿਓ ਕਿ ਇਸ ਆਇਤ ਵਿਚ *ਨਿਰਾ* ਵਿਸ਼ਵਾਸ ਨਹੀਂ ਸਗੋਂ *ਵਿਸ਼ਵਾਸ ਨਾਲ* ਕੁਝ ਹੋਰ ਵੀ ਹੈ ਜਿਸ ਨਾਲ ਮੁਕਤੀ ਹੁੰਦੀ ਹੈ। ਇਸ ਆਇਤ ਵਿਚ, ਵਿਸ਼ਵਾਸ ਦੇ ਨਾਲ ਇਕਰਾਰ ਹੈ। ਹੋਰਨਾਂ ਆਇਤਾਂ ਵਿਚ ਇਹ ਵਿਸ਼ਵਾਸ ਦੇ ਨਾਲ ਤੌਬਾ, ਵਿਸ਼ਵਾਸ ਦੇ ਨਾਲ ਬਪਤਿਸਮਾ ਜਾਂ ਕੋਈ ਹੋਰ ਮੇਲ ਹੈ। ਵਿਸ਼ਵਾਸ ਦੇ ਨਾਲ ਦਾ ਮਤਲਬ ਹੈ ਕਿ ਵਿਸ਼ਵਾਸ ਇਕੱਲਾ ਨਹੀਂ ਹੈ। ਬਚਾਏ ਜਾਣ ਬਾਰੇ ਜੋ ਕੁਝ ਬਾਈਬਲ ਕਹਿੰਦੀ ਹੈ, ਸਾਡੇ ਲਈ ਉਸ *ਸਭ* ਤੇ ਵਿਚਾਰ ਕਰਨਾ ਜ਼ਰੂਰੀ ਹੈ। [10]ਪਾਪਾਂ ਦੇ ਇਕਰਾਰ ਬਾਰੇ ਅਸੀਂ ਬਾਅਦ ਵਿਚ ਚਰਚਾ ਕਰਾਂਗੇ, ਜਦ ਅਸੀਂ ਇਹ ਗੱਲ ਕਰਾਂਗੇ ਕਿ ਇਕ ਮਸੀਹੀ ਆਪਣੇ ਪਾਪਾਂ ਤੋਂ ਕਿਵੇਂ ਮਾਫ਼ੀ ਪਾਉਂਦਾ ਹੈ, ਪਰ ਮਸੀਹੀ ਬਣਨ ਤੋਂ ਪਹਿਲਾਂ ਪਾਪਾਂ ਦੇ ਇਕਰਾਰ ਦੀ ਲੋੜ ਨਹੀਂ ਹੈ। ਬਪਤਿਸਮਾ ਲੈਣ ਦੀ ਬੇਨਤੀ ਕਰਦਿਆਂ, ਉਹ ਕਹਿੰਦਾ ਹੈ, ''ਮੈਂ ਇਕ ਪਾਪੀ ਹਾਂ ਅਤੇ ਬਚਾਇਆ ਜਾਣਾ ਚਾਹੁੰਦਾ ਹਾਂ''।

[11]ਆਪਣੀਆਂ *ਜ਼ਿੰਦਗੀਆਂ* ਦੇ ਰਾਹੀਂ ਯਿਸੂ ਦਾ ਇਕਰਾਰ ਕਰਨਾ ਜ਼ਰੂਰੀ ਹੈ, ਪਰ ਰੋਮੀਆਂ 10 ਅਤੇ ਮੱਤੀ 10 ਅਧਿਆਇ ਦਾ ਇਹ ਮਤਲਬ ਨਹੀਂ ਹੈ। [12]''ਖੋਜੇ'' ਦਾ ਸਿੱਧਾ ਅਰਥ ਹੈ ''ਖੁਸਰਾ।'' ਮੂਰਤੀਪੂਜਕ ਲੋਕ ਆਮ ਤੌਰ ਤੇ ਅਜ਼ਮਾਇਸ਼ ਤੋਂ ਬਚਾਅ ਲਈ ਖੋਜਿਆਂ ਨੂੰ ਹੀ ਵੱਡੇ ਅਹੁਦੇ ਦਿੰਦੇ ਸਨ। [13]ਇਹ ਆਇਤ ਬਰੈਕਟ ਵਿਚ ਦਿੱਤੀ ਗਈ ਹੈ ਕਿਉਂਕਿ ਕੁਝ ਅਨੁਵਾਦਾਂ ਵਿਚ ਇਹ ਆਇਤ ਲਿਖਤ ਵਿਚ ਨਾ ਦੇ ਕੇ ਹੇਠਾਂ ਟਿੱਪਣੀਆਂ ਵਿਚ ਦਿੱਤੀ ਗਈ ਹੈ। ਦੋਹਾਂ ਹਾਲਤਾਂ ਵਿਚ, ਜ਼ਿਆਦਾਤਰ ਵਿਦਵਾਨ ਮੰਨਦੇ ਹਨ ਕਿ ਇਹ ਆਇਤ ਮੁਢਲੀ ਕਲੀਸੀਆ ਵਿਚ ਬਪਤਿਸਮੇ ਤੋਂ ਪਹਿਲਾਂ ਵਿਸ਼ਵਾਸ ਦੇ ਇਕਰਾਰ ਨੂੰ ਵਿਖਾਉਂਦੀ ਹੈ। [14]ਯਿਸੂ ਨੇ ''ਚੰਗਾ ਇਕਰਾਰ'' (1 ਤਿਮੋਥਿਉਸ 6:13) ਕਰਦਿਆਂ, ਓਸੇ ਦੀ ਹੀ ਤਸਦੀਕ ਕੀਤੀ ਸੀ ਜੋ ਪਿਲਾਤੁਸ ਨੇ ਕਿਹਾ ਸੀ (ਮੱਤੀ 27:11)। [15]ਇਸ ਨਿਸ਼ਾਨ ਬਾਰੇ ਸਾਨੂੰ ਬਾਹਰੀ ਇਤਿਹਾਸ ਤੋਂ ਪਤਾ ਲਗਦਾ ਹੈ, ਬਾਈਬਲ 'ਚੋਂ ਨਹੀਂ। ਆਮ ਤੌਰ ਤੇ ਆਰੰਭਿਕ ਮਸੀਹੀ ਲੋਕਾਂ ਦੀਆਂ ਕਬਰਾਂ ਤੇ ਮੱਛੀ ਦਾ ਨਿਸ਼ਾਨ ਮਿਲਦਾ ਹੈ। [16]ਇਸ ਸੂਚੀ ਵਿਚ ਕਈ ਯੂਨਾਨੀ ਸ਼ਬਦਾਂ ਦਾ ਉੱਚਾਰਣ ਖ਼ਾਸ ਨਿਸ਼ਾਨਾਂ ਨਾਲ ਪ੍ਰਭਾਵਤ ਹੋਇਆ ਹੈ, ਜਿਹਨੂੰ ਮੈਂ ਦੁਹਰਾਉਣ ਦੀ ਕੋਸ਼ਿਸ਼ ਨਹੀਂ ਕੀਤੀ ਅਤੇ ਯੂਨਾਨੀ ਭਾਸ਼ਾ ਵਿਚ ਦੋ ਵੱਖ-ਵੱਖ ''ਈ'' ਅਤੇ ''ਓ'' ਹਨ ਪਰ ਮੈਂ ਉਨ੍ਹਾਂ ਵਿਚ ਫ਼ਰਕ ਨਹੀਂ ਕੀਤਾ ਹੈ।